بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 28.12.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਮਨਭਾਉਂਦਾ ਤੇ ਦਿਲਖਿਚੱਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 28 ਦਸੰਬਰ 2018 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮਾਰਡਨ ਲੰਦਨ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਮੈਂ ਵਰਨਣ ਕਰਾਂਗਾ ਉਹਨਾਂ ਵਿੱਚ ਪਹਿਲਾ ਨਾਂ ਹਜ਼ਰਤ ਅਬਦੁਲੱਾਹ ਬਿਨ ਰਬੀ ਅੰਸਾਰੀ ਦਾ ਹੈ । ਆਪ ਬੈਅਤ ਉਕਬਾ ਸਾਨੀਆ ਵਿੱਚ ਸ਼ਾਮਲ ਸਨ ਅਤੇ ਆਪ ਨੂੰ ਬਦਰ, ਉਹਦ, ਅਤੇ ਜੰਗੇ ਮੋਤਹ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ । ਜੰਗੇ ਮੋਤਹ ਵਿੱਚ ਆਪ ਨੇ ਸ਼ਹੀਦੀ ਪ੍ਰਾਪਤ ਕੀਤੀ ।

ਦੂਜੇ ਸਹਾਬੀ ਹਨ ਹਜ਼ਰਤ ਅਤੀਯਹ ਬਿਨ ਨਵੀਰਹ । ਇਹ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ। ਇਹਨਾ ਬਾਰੇ ਐਨ੍ਹੀ ਹੀ ਜਾਣਕਾਰੀ ਪ੍ਰਾਪਤ ਹੈ । ਫਿਰ ਹਜ਼ਰਤ ਸਹਲ ਬਿਨ ਕੈਸ ਹਨ । ਪ੍ਰਸਿੱਧ ਸ਼ਾਇਰ (ਕਵੀ) ਹਜ਼ਰਤ ਕਾਬ ਬਿਨ ਮਾਲਕ ਦੇ ਆਪ ਚਾਚੇ ਵੱਲੋਂ ਭਰਾ ਸਨ । ਸਹਲ ਨੇ ਬਦਰ ਤੇ ਉਹਦ ਦੀ ਜੰਗ ਵਿੱਚ ਭਾਗ ਲਿਆ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਦਾ ਜਾਮ ਪੀਤਾ । ਆਂਹਜ਼ਤ ਸਲਲੱਾਹੁ ਅਲੈਹਿ ਵਸਲਮ ਹਰ ਸਾਲ ਉਹਦ ਦੀ ਜੰਗ ਵਿੱਚ ਸ਼ਹੀਦ ਹੋਇਆਂ ਦੀ ਕਬਰਾਂ ਦੇ ਦਰਸ਼ਨਾ ਲਈ ਜਾਇਆ ਕਰਦੇ । ਆਪ ਫ਼ਰਮਾਇਆ ਕਰਦੇ ਸਨ ਕਿ ਕਾਸ਼ ! ਮੈਂ ਇਹਨਾਂ ਪਹਾੜਾਂ ਵਾਲਿਆਂ ਦੇ ਨਾਲ ਹੋ ਜਾਂਦਾ ਅਰਥਾਤ ਮੈਨੂੰ ਵੀ ਇਸ ਦਿਨ ਸ਼ਹੀਦੀ ਪ੍ਰਾਪਤ ਹੋ ਜਾਂਦੀ ।

ਇਕ ਵਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਹਜ਼ਰਤ ਮਸਅਬ ਬਿਨ ਉਮੈਰ ਦੀ ਕਬਰ ਨੇੜਿਓਂ ਲੰਘੇ ਤਾਂ ਉੱਥੇ ਰੁਕ ਕੇ ਦੁਆ ਕੀਤੀ ਅਤੇ ਇਸ ਆਇਤ ਦੀ ਤਲਾਵਤ ਕੀਤੀ ਕਿ :

مِنَ الۡمُؤۡمِنِیۡنَ رِجَالٌ صَدَقُوۡا مَا عَاهَدُوا اللّٰهَ عَلَیۡهِ ۚ فَمِنۡهُمۡ مَّنۡ قَضٰی نَحۡبَهٗ وَمِنۡهُمۡ مَّنۡ یَّنۡتَظِرُ ۫ۖ وَمَا بَدَّلُوۡا تَبۡدِیۡلًا ○

**(الاحزاب:24)**

ਕਿ ਮੋਮਿਨਾ ਵਿੱਚੋਂ ਅਜਿਹੇ ਮਰਦ ਹਨ ਜਿੰਨ੍ਹਾ ਨੇ ਜਿਸ ਗੱਲ ਦਾ ਅਲੱਾਹ ਨਾਲ ਪ੍ਰਣ ਕਰ ਲਿਆ ਉਸ ਨੂੰ ਸਚੱਾ ਕਰ ਦਿਖਾਇਆ । ਸੋ, ਉਹਨਾਂ ਵਿੱਚੋਂ ਉਹ ਵੀ ਜਿਸ ਨੇ ਆਪਣੀ ਮਨੱਤ ਨੂੰ ਪੂਰਾ ਕਰ ਦਿਤੱਾ ਅਤੇ ਉਹਨਾ ਵਿੱਚ ਉਹ ਵੀ ਹਨ ਜੋ ਹੁਣੇ ਉਡੀਕ ਰਹੇ ਹਨ ਅਤੇ ਉਹਨਾਂ ਨੇ ਉਕੱਾ ਹੀ ਆਪਣੇ ਕਰਮਾ ਵਿੱਚ ਤਬਦੀਲੀ ਨਹੀਂ ਕੀਤੀ । ਫਿਰ ਆਪ ਨੇ ਫ਼ਰਮਾਇਆ ਕਿ ਮੈਂ ਗਵਾਹੀ ਦਿੰਦਾ ਹਾਂ ਕਿ ਇਹ ਕਯਾਮਤ ਦੇ ਦਿਨ ਰੱਬ ਨੇੜੇ ਸ਼ਹੀਦ ਹੋਣਗੇ । ਤੁਸੀਂ ਇਹਨਾਂ ਕੋਲ ਆਇਆ ਕਰੋ, ਇਹਨਾ ਦੇ ਜ਼ਯਾਰਤ (ਦਰਸ਼ਨ) ਕਰਿਆ ਕਰੋ ਅਤੇ ਇਹਨਾ'ਤੇ ਸਲਾਮਤੀ ਭੇਜਿਆ ਕਰੋ । ਸਹੁੰ ਹੈ ਉਸ ਵੁਜੂਦ ਦੀ ਜਿਸ ਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਇਹ ਕਯਾਮਤ ਦੇ ਦਿਨ ਤੱਕ ਜੋ ਵੀ ਇਹਨਾ'ਤੇ ਸਲਾਮਤੀ ਭੇਜੇਗਾ ਇਹ ਉਸ ਦਾ ਉਤੱਰ ਦੇਣਗੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਇੱਥੇ ਆਉਂਦੇ ਉਹਨਾ ਲਈ ਦੁਆ ਕਰਦੇ ਅਤੇ ਸਲਾਮਤੀ ਭੇਜਿਆ ਕਰਦੇ । ਹਜ਼ਰਤ ਸਹਲ ਬਿਨ ਕੈਸ ਦੀਆਂ ਭੈਣਾ ਹਜ਼ਰਤ ਸਖ਼ਤਾ ਅਤੇ ਹਜ਼ਰਤ ਉਮਰਾ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਇਮਾਨ ਲਿਆਈਆਂ ਅਤੇ ਆਪਦੀ ਬੈਅਤ ਤੋਂ ਲਾਭਵੰਤ ਹੋਈਆਂ ।

ਫਿਰ ਅਗੱਲੇ ਸਹਾਬੀ ਹਨ ਹਜ਼ਰਤ ਅਬਦੁਲੱਾਹ ਬਿਨ ਹਮੀਰ ਅਸ਼ਜਈ । ਆਪ ਨੇ ਬਦਰ ਦੀ ਜੰਗ ਵਿੱਚ ਆਪਣੇ ਭਾਈ ਹਜ਼ਰਤ ਖ਼ਾਰਜਹ ਨਾਲ ਭਾਗ ਲਿਆ ਅਤੇ ਆਪ ਉਹਦ ਦੀ ਜੰਗ ਵਿੱਚ ਵੀ ਸ਼ਾਮਲ ਹੋਏ । ਹਜ਼ਰਤ ਅਬਦੁਲੱਾਹ ਬਿਨ ਹਮੀਰ ਉਹਨਾ ਕੁਝ ਗਿਣਤੀ ਦੇ ਸਹਾਬਾ ਵਿੱਚੋਂ ਸਨ ਜੋ ਉਹਦ ਦੀ ਜੰਗ ਵਿੱਚ ਹਜ਼ਰਤ ਅਬਦੁਲੱਾਹ ਬਿਨ ਜਬੀਰ ਦੇ ਨਾਲ ਦੱਰੇ ਉਪੱਰ ਡਟੇ ਰਹੇ । ਜੱਦ ਕਿ ਬਾਕੀ ਸਹਾਬਾ ਫ਼ਤਹ ਦਾ ਦ੍ਰਿਸ਼ ਦੇਖਣ ਦੇ ਬਾਦ ਮੁਸਲਮਾਨਾ ਦੀ ਬਾਕੀ ਜਮਾਤ ਨਾਲ ਮਿਲਣ ਲਈ ਹੇਠਾਂ ਜਾਣ ਲੱਗੇ ਤਾਂ ਹਜ਼ਰਤ ਅਬਦੁਲੱਾਹ ਬਿਨ ਹਮੀਰ ਉਹਨਾਂ ਨੂੰ ਨਸੀਹਤ ਕਰਨ ਲਈ ਖੜੇ ਹੋਏ ਆਪ ਦੇ ਪਹਿਲਾਂ ਰੱਬ ਦੀ ਹਮਦ ਸਨਾ ਬਿਆਨ ਕੀਤੀ ਫਿਰ ਰੱਬ ਦੇ ਰਸੂਲ ਸਲਲੱਾਹੁ ਅਲੈਹਿ ਵਸਲਮ ਦੀ ਆਗਿਆਕਾਰੀ ਕਰਨ ਦੀ ਨਸੀਹਤ ਕੀਤੀ, ਪਰ ਉਹਨਾਂ ਨੇ ਆਪ ਦੀ ਗੱਲ ਨ ਮੰਨੀ ਅਤੇ ਚਲੇ ਗਏ, ਇੱਥੋਂ ਤੱਕ ਕਿ ਹਜ਼ਰਤ ਅਬਦੁਲੱਾਹ ਬਿਦ ਜਬੀਰ ਦੇ ਨਾਲ ਦੱਰੇ ਉਪੱਰ ਦੱਸ ਤੋਂ ਵੱਧ ਸਹਾਬਾ ਹੀ ਬਚੇ । ਐਨ੍ਹੇ ਵਿੱਚ ਖ਼ਾਲਦ ਬਿਨ ਵਲੀਦ ਅਤੇ ਅਕਰਮਾ ਬਿਨ ਅਬੁਜਹਿਲ ਨੇ ਦੱਰੇ ਨੂੰ ਖ਼ਾਲੀ ਦੇਖਕੇ ਜੋ ਸਹਾਬਾ ਬਾਕੀ ਰਹਿ ਗਏ ਸਨ, ਉਹਨਾਂ'ਤੇ ਹਮਲਾ ਕਰ ਦਿਤੱਾ, ਇਹਨਾਂ ਥੋੜੇ ਜਿਹੇ ਸਹਾਬਾ ਨੇ ਉਹਨਾਂ'ਤੇ ਤੀਰ ਵਰ੍ਹਾਏ ਇੱਥੋਂ ਤੱਕ ਕਿ ਉਹ ਉਹਨਾ ਵਿਚਕਾਰ ਪਹੁੰਚ ਗਏ ਅਤੇ ਦੇਖਦਿਆਂ ਦੇਖਦਿਆਂ ਉਹਨਾਂ ਨੂੰ ਸ਼ਹੀਦ ਕਰ ਦਿਤੱਾ ।

ਇਸ ਦਾ ਵਧੇਰੇ ਵਿਸਥਾਰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਨੇ ਸੀਰਤ ਖ਼ਾਤਾਮਨੱਬੀਯੀਨ ਵਿੱਚ ਲਿਖਿਆ ਹੈ । ਉਹਦ ਦੀ ਘਟਨਾ ਦੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰੱਬ ਦੀ ਮਦਦ'ਤੇ ਭਰੋਸਾ ਕਰਦਿਆਂ ਹੋਇਆਂ ਅੱਗੇ ਵਧੇ ਅਤੇ ਉਹਦ ਦੇ ਕੰਢੇ ਆਪਣਾ ਡੇਰਾ ਲਾ ਲਿਆ ਅਜਿਹੇ ਢੰਗ ਨਾਲ ਕਿ ਉਹਦ ਪਹਾੜੀ ਮੁਸਲਮਾਨਾਂ ਦੇ ਪਿੱਛੇ ਵੱਲ ਆ ਗਈ ਅਤੇ ਮਦੀਨਾ ਸਾਹਣੇ ਵੱਲ ਰਿਹਾ ਅਤੇ ਇਸ ਪ੍ਰਕਾਰ ਆਪ ਨੇ ਆਪਣੇ ਲਸ਼ਕਰ ਦੀ ਪਿੱਠ ਸੁਰੱਖਿਅਤ ਕਰ ਲਈ । ਪਿੱਛੇ ਪਹਾੜੀ ਵਿੱਚ ਇਹ ਦਰੱਾ ਸੀ ਜਿੱਥੋਂ ਹਮਲਾ ਹੋ ਸਕਦਾ ਸੀ । ਉਸ ਦੀ ਸੁਰੱਖਿਆ ਨਾਲ ਆਪ ਨੇ ਇਹ ਪ੍ਰਬੰਧ ਕੀਤਾ ਕਿ ਅਬਦੁਲੱਾਹ ਬਿਨ ਜਬੀਰ ਦੀ ਸਰਦਾਰੀ ਹੇਠ ਪੰਜਾਹ ਤੀਰ ਅੰਦਾਜ਼ਾਂ ਦਾ ਜਥੱਾ ਓਥੇ ਨਿਯੁਕਤ ਕੀਤਾ ਅਤੇ ਉਹਨਾ ਨੂੰ ਤਕੀਦ ਕੀਤੀ ਕਿ ਭਾਵੇਂ ਕੁਝ ਵੀ ਹੋ ਜਾਏ ਉਸ ਥਾਂ ਨੂੰ ਨ ਛਡੱਣ ਅਤੇ ਕਿਹਾ ਜੇਕਰ ਤੁਸੀਂ ਦੇਖੋ ਕਿ ਮੁਸਲਮਾਨਾ ਨੂੰ ਹਾਰ ਹੋ ਗਈ ਹੈ ਅਤੇ ਦੁਸ਼ਮਣ ਸਾਡੇ ਉਪੱਰ ਗ਼ਾਲਬ ਆ ਗਿਆ ਹੈ ਤਾਂ ਫਿਰ ਵੀ ਤੁਸੀਂ ਇਸ ਥਾਂ ਤੋਂ ਨਹੀਂ ਹਟੱਣਾ ਇੱਥੋਂ ਤੱਕ

ਕਿ ਇਕ ਰਿਵਾਇਤ ਵਿੱਚ ਇਹ ਸ਼ਬਦ ਵੀ ਆਉਂਦੇ ਹਨ ਕਿ ਜੇਕਰ ਤੁਸੀਂ ਦੇਖੋ ਕਿ ਪੰਛੀ ਸਾਡਾ ਮਾਸ ਖਾਂਦੇ ਹਨ ਤਾਂ ਫਿਰ ਵੀ ਤੁਸੀਂ ਏਥੋਂ ਨਹੀਂ ਹਟੱਣਾ ਇੱਥੋਂ ਤੱਕ ਕਿ ਤੁਹਾਨੂੰ ਇੱਥੋਂ ਹਟੱਣ ਦਾ ਆਦੇਸ਼ ਦਿਤੱਾ ਜਾਵੇ । ਆਪਣੀ ਪਿੱਠ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰਕੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਇਸਲਾਮੀ ਲਸ਼ਕਰ ਨੂੰ ਪੰਕਤੀਬੱਧ ਕੀਤਾ ਅਤੇ ਵੱਖ ਵੱਖ ਜੱਥਿਆਂ ਦੇ ਥਾਂ ਥਾਂ ਸਰਦਾਰ ਨਿਯੁਕਤ ਕੀਤੇ । ਜੱਦ ਅਬਦੁਲੱਾਹ ਬਿਨ ਜਬੀਰ ਨੇ ਸਾਥੀਆਂ ਨੇ ਦਖਿਆ ਕਿ ਹੁਣ ਫ਼ਤਹ ਹੋ ਗਈ ਹੋ ਚੁਕੀ ਹੈ ਤਾਂ ਉਹਨਾਂ ਆਪਣੇ ਅਮੀਰ (ਸਰਦਾਰ) ਅਬਦੁਲੱਾਹ ਨੂੰ ਕਿਹਾ ਕਿ ਹੁਣ ਤਾਂ ਫ਼ਤਹ  ਹੋ ਚੁਕੀ ਹੈ ਅਤੇ ਮੁਸਲਮਾਨ ਗ਼ਨੀਮਤ ਦਾ ਮਾਲ ਇਕਠੱਾ ਕਰ ਰਹੇ ਹਨ, ਆਪ ਸਾਨੂੰ ਆਗਿਆ ਦੇਣ ਕਿ ਅਸੀਂ ਵੀ ਲਸ਼ਕਰ ਨਾਲ ਜਾਕੇ ਸ਼ਾਮਲ ਹੋ ਜਾਈਏ । ਅਬਦੁਲੱਾਹ ਨੇ ਉਹਨਾਂ ਨੂੰ ਰੋਕਿਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਲੈਹਿ ਵਸਲਮ ਦਾ ਤਾਕੀਦੀ ਨਿਰਦੇਸ਼ ਚੇਤੇ ਕਰਾਇਆ ਪਰ ਉਹ ਫ਼ਤਹ ਦੀ ਖ਼ੁਸ਼ੀ ਵਿੱਚ ਗ਼ਾਫ਼ਲ ਹੋ ਰਹੇ ਸਨ, ਇਸ ਲਈ ਉਹ ਬਾਜ਼ ਨ ਆਏ ਅਤੇ ਇਹ ਕਹਿੰਦਿਆਂ ਹੋਇਆਂ ਹੇਠਾਂ ਉਤਰ ਗਏ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਕੇਵਲ ਇਹ ਮਤਲਬ ਸੀ ਕਿ ਜੱਦ ਕਿ ਪੂਰੀ ਤਸੱਲੀ ਨ ਹੋ ਜਾਵੇ ਦਰੱਾ ਖ਼ਾਲੀ ਨ ਛੱਡਿਆ ਜਾਵੇ । ਹੁਣ ਕਿਉਂਕਿ ਫ਼ਤਹ ਹੋ ਚੁੱਕੀ ਇਸ ਲਈ ਜਾਣ ਵਿੱਚ ਕੋਈ ਹਰਜ ਨਹੀਂ ਨਹੀਂ ਹੈ ਅਤੇ ਸਿਵਾਏ ਅਬਦੁਲੱਾਹ ਅਤੇ ਉਹਨਾਂ ਦੇ ਪੰਜ ਸੱਤ ਸਾਥੀਆਂ ਦੇ ਦੱਰੇ ਦੀ ਸੁਰੱਖਿਆ ਲਈ ਕੋਈ ਨ ਰਿਹਾ । ਖ਼ਾਲਦ ਬਿਨ ਵਲੀਦ ਦੀ ਤਿੱਖੀ ਨਿਗਾਹ ਨੇ ਦੁਰੋਂ ਦੱਰੇ ਵੱਲ ਦੇਖਿਆ ਤਾਂ ਮੈਦਾਨ ਸਾਫ਼ ਦੇਖਿਆ ਜਿਸ'ਤੇ ਉਸ ਨੇ ਆਪਣੇ ਸਵਾਰਾਂ ਨੂੰ ਛੇਤੀ ਛੇਤੀ ਇਕਤੱਰ ਕਰਕੇ ਝੱਟ ਦੱਰੇ ਦਾ ਰੁੱਖ ਕੀਤਾ ਅਤੇ ਉਸ ਦੇ ਪਿੱਛੇ ਪਿੱਛੇ ਅਕਰਮਾ ਬਿਨ ਅਬੁਜਿਹਲ ਵੀ ਹੋ ਗਿਆ, ਇਹ ਦੋਵੇਂ ਜੱਥੇ ਅਬਦੁਲੱਾਹ ਬਿਨ ਜਬੀਰ ਅਤੇ ਉਹਨਾਂ ਦੇ ਸਥੀਆਂ ਨੂੰ ਦੇਖਦਿਆਂ ਦੇਖਦਿਆਂ ਸ਼ਹੀਦ ਕਰਕੇ ਇਸਲਾਮੀ ਲਸ਼ਕਰ ਦੇ ਪਿੱਛੋਂ ਦੀ ਹਮਲਾਵਰ ਹੋਏ ।

ਅਗਲਾ ਵਰਨਣ ਹਜ਼ਰਤ ਉਬੈਦ ਬਿਨ ਓਸ ਅੰਸਾਰੀ ਦਾ ਹੈ । ਹਜ਼ਰਤ ਉਬੈਦ ਬਿਨ ਓਸ ਨੇ ਬਦਰ ਦੀ ਜੰਗ ਵਿੱਚ ਭਾਗ ਲਿਆ ਅਤੇ ਆਪਨੇ ਬਦਰ ਦੀ ਜੰਗ ਵਿੱਚ ਹਜ਼ਰਤ ਅਕੀਲ ਬਿਨ ਅਬੂਤਾਲਬ ਨੂੰ ਕੈਦੀ ਬਣਾਇਆ, ਇਸੇ ਪ੍ਰਕਾਰ ਕਿਹਾ ਜਾਂਦਾ ਹੈ ਕਿ ਆਪ ਦੇ ਹਜ਼ਰਤ ਅਬੱਾਸ ਅਤੇ ਹਜ਼ਰਤ ਨੌਫ਼ਲ ਨੂੰ ਵੀ ਕੈਦੀ ਬਣਾਇਆ । ਆਪ ਇਹਨਾਂ ਤਿੰਨਾ ਨੂੰ ਰੱਸੀ ਨਾਲ ਬੱਨ੍ਹਿਆ ਹੋਇਆ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਲੈਕੇ ਹਾਜ਼ਰ ਹੋਏ ਤਾਂ ਆਪ ਦੇ ਫ਼ਰਮਾਇਆ ਕਿ لَقَدْ اَعَانَكَ عَلَيْهِمْ مَلَكٌ كَرِيْمٌ ਕਿ ਨਿਸ਼ਚੇ ਹੀ ਇਸ ਮਾਮਲੇ ਵਿੱਚ ਸਨਮਾਨ ਯੋਗ ਫ਼ਰਿਸ਼ਤੇ ਨੇ ਤੁਹਾਡੀ ਮਦਦ ਕੀਤੀ ਹੈ ਇਸੇ ਕਰਕੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪ ਨੂੰ 'ਮੁਕਰਰ' ਦਾ ਸਿਰਨਾਵਂ ਪ੍ਰਦਾਨ ਕੀਤਾ, ਫ਼ਰਮਾਇਆ ਅਰਥਾਤ ਜ਼ੰਜੀਰਾਂ ਵਿੱਚ ਜਕੜਨ ਵਾਲਾ ।

ਹੁਣ ਵਰਨਣ ਹੈ ਹਜ਼ਰਤ ਅਬਦੁਲੱਾਹ ਬਿਨ ਜਬੀਰ ਦਾ ਜਿੰਨ੍ਹਾ ਦਾ ਪਹਿਲਾਂ ਵਰਨਣ ਹੋ ਚੁਕਿਆ ਹੈ । ਆਪ ਉਨ੍ਹਾ ਸਤੱਰ ਅੰਸਾਰ ਵਿੱਚੋਂ ਸਨ ਜੋ ਬੈਅਤੇ ਉਕਬਾ ਸਾਨੀਆ ਵਿੱਚ ਸ਼ਾਮਲ ਹੋਏ ਅਤੇ ਆਪ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਉਹਦ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ । ਹਜ਼ਰਤ ਅਬੁਲਆਸ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਬੇਟੀ ਹਜ਼ਰਤ ਜ਼ੈਨਬ ਦੇ ਪਤੀ ਸਨ ਜੰਗੇ ਬਦਰ ਵਿੱਚ ਮੁਸ਼ਰਿਕਾਂ ਵੱਲੋਂ ਸ਼ਾਮਲ ਹੋਏ ਸਨ ਅਤੇ ਹਜ਼ਰਤ ਅਬਦੁਲੱਾਹ ਬਿਨ ਜਬੀਰ ਨੇ ਉਹਨਾਂ ਨੂੰ ਕੈਦ ਕੀਤਾ ਸੀ । ਉਹਨਾ ਦਾ ਫ਼ਿਦਿਆ (ਰਿਹਾਈ) ਲਈ ਉਹਨਾਂ ਦੀ ਪਤਨੀ ਅਰਥਾਤ ਹਜ਼ਰਤ ਮੁਹਮੱਦ ਸਲਲਹੁ ਅਲੈਅਹਿ ਵਸਲਮ ਦੀ ਪੁਤਰੀ ਜ਼ੈਨਬ ਨੇ ਜੋ ਹੁਣ ਤੱਕ ਮੱਕੇ ਵਿੱਚ ਸੀ ਕੁਝ ਚੀਜਾਂ ਭੇਜੀਆਂ, ਉਹਨਾਂ ਵਿੱਚ ਉਹਨਾਂ ਦਾ ਇਕ

ਹਾਰ ਵੀ ਸੀ । ਇਹ ਹਾਰ ਉਹ ਸੀ ਜੋ ਹਜ਼ਰਤ ਖ਼ਦੀਜਾ ਨੇ ਜਹੇਜ਼ ਦੇ ਰੂਪ ਵਿੱਚ ਆਪਣੀ ਪੁਤੱਰੀ ਜ਼ੈਨਬ ਨੂੰ ਦਿਤੱਾ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਸ ਹਾਰ ਨੂੰ ਦੇਖਿਆ ਤਾਂ ਮਰਹੂਮਾ ਖ਼ਦੀਜਾ ਦੀ ਯਾਦ ਦਿਲ ਵਿੱਚ ਤਾਜ਼ਾ ਹੋ ਗਈ ਅਤੇ ਆਪ ਦੀਆਂ ਅਖੱਾਂ ਭਰ ਆਈਆਂ ਅਤੇ ਸਹਾਬਾ ਨੂੰ ਫ਼ਰਮਾਇਆ ਜੇਕਰ ਤੁਸੀਂ ਪਸੰਦ ਕਰੋ ਤਾਂ ਜ਼ੈਨਬ ਦਾ ਮਾਲ ਉਸ ਨੂੰ ਵਾਪਸ ਕਰ ਦਿਓ । ਸਹਾਬਾ ਨੂੰ ਸੰਕੇਤ ਦੀ ਲੋੜ ਸੀ ਝੱਟ ਜ਼ੈਨਬ ਦਾ ਮਾਲ ਵਾਪਸ ਕਰ ਦਿਤੱਾ ਗਿਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਨਕਦ ਫ਼ਿਰੌਤੀ ਦੀ ਥਾਂ ਅਬੁਲਆਸ ਨਾਲ ਇਹ ਸ਼ਰਤ ਰੱਖੀ ਕਿ ਉਹ ਮੱਕੇ ਜਾਕੇ ਜ਼ੈਨਬ ਨੂੰ ਮਦੀਨੇ ਭਿਜਵਾ ਦੇਣ ਅਤੇ ਇਸ ਪ੍ਰਕਾਰ ਇਕ ਮੋਮਨ ਰੂਹ ਕੁਫ਼ਰ ਦੇ ਘਰੋਂ ਮੁਕਤੀ ਪਾ ਗਈ ਅਤੇ ਕੁਝ ਸਮੇਂ ਬਾਦ ਅਬੁਲਆਸ ਵੀ ਮੁਸਲਮਾਨ ਹੋਕੇ ਮਦੀਨੇ ਹਿਜਰਤ ਕਰਕੇ ਆਏ ਅਤੇ ਇਸ ਪ੍ਰਕਾਰ ਪਤੀ ਪਤਨੀ ਫਿਰ ਇਕੱਠੇ ਹੋ ਗਏ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਵੀ ਉਹਦ ਦੀ ਜੰਗ ਦੀ ਘਟਨਾ ਉਪੱਰ ਚਾਨ੍ਹਣਾ ਪਾਇਆ ਹੈ । ਆਪ ਫ਼ਰਮਾਉਂਦੇ ਹਨ ਕਿ ਉ ਸਹਾਬਾ ਜੋ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਆਲ੍ਹੇ ਦਆਲੇ ਇਕੱਠੇ ਸਨ ਅਤੇ ਜੋ ਕੁਫ਼ਾਰ ਦੇ ਜੱਥਿਆਂ ਕਰਕੇ ਪਿੱਛੇ ਧਕੇਲ ਦਿੱਤੇ ਗਏ ਸਨ, ਕੁਫ਼ੱਾਰਾਂ ਦੇ ਪਿੱਛੇ ਹਟੱਦਿਆ ਹੀਂ ਉਹ ਫਿਰ ਰਸੂਲੁਲੱਹਾ ਸਲਲੱਾਹੁ ਅਲੈਹਿ ਵਸਲਮ ਦੁਆਲੇ ਇਕੱਠੇ ਹੋ ਗਏ ਅਤੇ ਆਪਦੇ ਪਵਿੱਤਰ ਸ਼ਰੀਰ ਨੂੰ ਉਹਨਾ ਨੇ ਚੁੱਕਿਆ । ਥੋੜੀ ਦੇਰ ਬਾਦ ਆਪ ਰਸੂਲਲੱਾਹ ਸਲਲੱਾਹੁ ਅਲੈਹਿ ਵਸਲ ਨੂੰ ਹੋਸ਼ ਆ ਗਿਆ ਅਤੇ ਸਹਾਬਾ ਨੇ ਚਾਰੇ ਪਾਸੇ ਮੈਦਾਨ ਵਿੱਚ ਬੰਦੇ ਦੌੜਾ ਦਿੱਤੇ ਕਿ ਮੁਸਲਮਾਨ ਇਕਤੱਰ ਹੋ ਜਾਣ । ਖਿੰਡਿਆਂ ਹੋਇਆ ਲਸ਼ਕਰ ਫਿਰ ਇਕਠੱਾ ਹੋਣਾ ਸ਼ੁਰੂ ਹੋਇਆ ਅਤੇ ਰਸੂਲੇ ਕਰੀਮ ਸਲਲੱਾਹੁ ਅਲਐਹਿ ਵਸਲਮ ਉਹਨਾਂ ਨੂੰ ਲੈਕੇ ਪਹਾੜ ਦੇ ਕੰਢੇ ਵਿੱਚ ਚਲੇ ਗਏ । ਜੱਦ ਪਹਾੜੀ ਦੇ ਕੰਢੇ ਬੱਚਿਆ ਹੋਇਆ ਲਸ਼ਕਰ ਖੜਾ ਸੀ ਤਾਂ ਅਬੂਸੁਫ਼ਿਆਨ ਨੇ ਬਹੁਤ ਉਚੀ ਅਵਾਜ਼ ਨਾਲ ਕਿਹਾ ਕਿ ਅਸੀਂ ਮੁਹਮੱਦ ਨੂੰ ਮਾਰ ਦਿਤੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਅਬੂਸੁਫ਼ਿਆਨ ਦੀ ਗੱਲ ਦਾ ਉਤੱਰ ਨ ਦਿਤੱਾ ਤਾਂ ਜੋ ਅਜਿਹਾ ਨ ਹੋ ਜਾਵੇ ਕਿ ਦੁਸ਼ਮਣ ਵਾਸਤਵਿਕਤਾ ਜਾਨਣ ਦੇ ਬਾਦ ਫਿਰ ਹਮਲਾ ਕਰ ਦੇਵੇ ਕਿਉਂਕਿ ਮੁਸਲਮਾਨ ਕਮਜ਼ੋਰ ਹਾਲਤ ਵਿੱਚ ਸਨ । ਉਸ ਦੇ ਵਾਰੀ ਵਾਰੀ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਲਹ ਅਨਹੁ ਦਾ ਵੀ ਨਾਂ ਲਿਆ ਕਿ ਅਸੀਂ ਉਹਨਾਂ ਨੂੰ ਮਾਰ ਦਿਤੱਾ ਹੈ । ਪਰ ਆਪ ਸਲਲੱਾਹੁ ਅਲੈਹਿ ਵਸਲਮ ਨੇ ਸਾਰਿਆਂ ਨੂੰ ਉਤੱਰ ਦੇਣ ਤੋਂ ਮਨਾ ਕਰ ਦਿਤੱਾ । ਇਸ'ਤੇ ਅਬੂ ਸੁਫ਼ਿਆਨ ਅਤੇ ਉਸ ਦੇ ਸਾਥੀਆਂ ਨੇ ਖ਼ੁਸ਼ੀ ਨਾਲ ਨਾਰਾ ਲਾਇਆ 'ਓਲੇ ਹੁਬੁਲ' ਕਿ ਸਾਡੇ ਸਨਮਾਨ ਯੋਗ ਬੁਤ ਹੁਬੁਲ ਦੀ ਸ਼ਾਨ ਉਚੀ ਹੋਵੇ ਕਿ ਉਸ ਨੇ ਇਸਲਾਮ ਦਾ ਖ਼ਾਤਮਾ ਕਰ ਦਿਤੱਾ ਹੈ । ਆਪ ਸਲਲੱਹੁ ਅਲੈਹਿ ਵਸਲਮ ਨੇ ਅਤਿਅੰਤ ਜੋਸ਼ ਨਾਲ ਸਹਾਬਾ ਨੂੰ ਫ਼ਰਮਾਇਆ ਕਿ ਤੁਸੀਂ ਲੋਕ ਉਤੱਰ ਕਿਉਂ ਨਹੀਂ ਦਿੰਦੇ । ਸਹਾਬਾ ਨੇ ਅਰਜ਼ ਕੀਤੀ, ਹੇ, ਰਸੂਲੁਲੱਾਹ ! ਅਸੀਂ ਕੀ ਆਖੀਏ ? ਫ਼ਰਮਾਇਆ ਕਿ ਕਹੋ 'ਅਲੱਾਹੁ ਆਲਾ ਵ ਅਜਲ, ਅਲੱਾਹੁ ਆਲਾ ਵ ਅਜਲ' ਤੁਸੀਂ ਝੂਠ ਬੋਲਦੇ ਹੋ ਹੁਬੁਲ ਦੀ ਸ਼ਾਨ ਉੱਚੀ ਹੋਈ ਹੈ । ਅਲੱਾਹ ਇੱਕ ਹੈ ਉਸਦਾ ਕੋਈ ਸ਼ਰੀਕ ਨਹੀਂ ਹੈ ਉਸ ਦੀ ਹੀ ਸ਼ਾਨ ਉੱਚੀ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ ਅਲੱਲਹ ਅਨਹੁ ਕੁਰਆਨ ਕਰੀਮ ਦੀ ਪਵਿਤੱਰ ਆਇਤ :

فَلْيَحْذَرِ الَّذِيْنَ يُخَالِفُوْنَ عَنْ اَمْرِهٖٓ اَنْ تُصِيْبَهُمْ فِتْنَةٌ اَوْ يُصِيْبَهُمْ عَذَابٌ اَلِيْمٌ ○

ਦੀ ਵਿਆਖਿਆ ਵਿੱਚ ਫ਼ਰਮਾਉਂਦੇ ਹਨ :

ਅਰਥਾਤ ਜੋ ਲੋਕ ਇਸ ਰਸੂਲ ਦੇ ਆਦੇਸ਼ ਦੀ ਅਵੱਗਿਆ ਕਰਦੇ ਹਨ, ਉਹਨਾਂ ਨੂੰ ਇਸ ਗੱਲ ਤੋਂ ਡਰਨਾ ਚਾਹੀਦਾ ਹੈ ਕਿ ਕਿਤੇ ਉਹਨਾਂ ਨੂੰ ਰੱਬ ਵੱਲੋਂ ਕੋਈ ਔਕੁੜ ਨ ਪਹੁੰਚ ਜਾਏ ਜਾਂ ਉਹ ਕਿਸੇ ਭਿਆਨਕ ਅਜ਼ਾਬ ਵਿੱਚ ਗ੍ਰਿਸੇ ਨ ਜਾਣ । ਸੋ, ਦੇਖ ਲਓ ਕਿ ਉਹਦ ਦੀ ਜੰਗ ਵਿੱਚ ਉਸ ਦੇ ਆਦੇਸ਼ ਦੀ ਅਵੱਗਿਆ ਕਰਕੇ ਇਸਲਾਮੀ ਲਸ਼ਕਰ ਨੂੰ ਕਿੰਨ੍ਹਾ ਹਾਣ ਪਹੁੰਚਿਆ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਇਕ ਪਹਾੜੀ ਦੱਰੇ ਦੀ ਸੁਰੱਖਿਆ ਲਈ ਪੰਜਾਹ ਸਿਪਾਹੀ ਨਿਯੁਕਤ ਕੀਤੇ ਸਨ ਅਤੇ ਇਹ ਦਰੱਾ ਐਨ੍ਹਾ ਮਹਤੱਵਪੂਰਨ ਸੀ ਕਿ ਆਪ ਦੇ ਇਹਨਾ ਦੇ ਸਰਦਾਰ ਅਬਦੁਲੱਾਹ ਬਿਨ ਜਬੀਰ ਨੂੰ ਅੰਸਾਰੀ ਨੂੰ ਬੁਲਾਕੇ ਫ਼ਰਮਾਇਆ ਸੀ ਕਿ ਭਾਵੇਂ ਅਸੀਂ ਮਾਰੇ ਜਾਈਏ ਜਾਂ ਜਿੱਤ ਜਾਈਏ, ਤੁਸੀਂ ਇਸ ਦੱਰੇ ਨੂੰ ਨਹੀਂ ਛਡੱਣਾ ਪਰ ਜੱਦ ਕੁਫ਼ਾਰ ਨੂੰ ਹਾਰ ਹੋਈ ਤਾਂ ਇਸ ਦੱਰੇ ਉਪੱਰ ਜੋ ਸਿਪਾਹੀ ਨਿਯੁਕਤ ਸਨ ਉਹਨਾਂ ਨੇ ਆਪਣੇ ਅਫ਼ਸਰ ਨੂੰ ਕਿਹਾ ਕਿ ਹੁਣ ਤਾਂ ਫ਼ਤਹ ਹੋ ਚੁਕੀ ਹੈ, ਹੁਣ ਸਾਡਾ ਏਥੇ ਠਹਿਰਨਾ ਬੇਕਾਰ ਹੈ ਸਾਨੂੰ ਅਗਿਆ ਦਿਓ ਕਿ ਅਸੀਂ ਵੀ ਜਿਹਾਦ ਵਿੱਚ ਸ਼ਾਮਲ ਹੋਣ ਦਾ ਪੁੰਨ ਲੈ ਲਈਏ । ਉਹਨਾਂ ਦੇ ਅਫ਼ਸਰ ਨੇ ਉਹਨਾਂ ਨੂੰ ਸਮਝਾਇਆ ਕਿ ਦਖੋ ਰਸੂਲੇ ਕਰੀਮ ਸਲਲੱਾਹੁ ਅਲੈਅਹਿ ਵਸਲਮ ਦੇ ਆਦੇਸ਼ ਦੀ ਅਵੱਗਿਆ ਨ ਕਰੋ । ਪਰ ਉਹਨਾਂ ਨੇ ਰੱਬ ਦੇ ਰਸੂਲ ਦੇ ਆਦੇਸ਼ ਉਪੱਰ ਆਪਣੀ ਰਾਏ ਨੂੰ ਪਹਿਲ ਦਿੰਦਿਆਂ ਹੋਇਆ ਉਸ ਦੱਰੇ ਨੂੰ ਛੱਡ ਦਿਤੱਾ । ਕੁਫ਼ੱਾਰ ਦੇ ਲੀਡਰ ਖ਼ਾਲਿਦ ਬਿਨ ਵਲੀਦ ਨੇ ਪਿੱਛੇ ਮੁੜਕੇ ਦੇਖਿਆ ਤਾਂ ਦੱਰੇ ਨੂੰ ਖਾਲੀ ਪਾਇਆ । ਉਹਨਾਂ ਨੇ ਆਪਣੇ ਭੱਜਦਿਆਂ ਹੋਇਆਂ ਜੱਥਿਆਂ ਨੂੰ ਸਾਂਭਿਆ ਅਤੇ ਇਸਲਾਮੀ ਲਸ਼ਕਰ ਦੀਆਂ ਬਾਹਾਂ ਨੂੰ ਚੀਰਦਿਆਂ ਹੋਇਆਂ ਪਹਾੜ ਉਪੱਰ ਚੜ੍ਹ ਗਏ ਅਤੇ ਕੁਝ ਮੁਸਲਮਾਨ ਜੋ ਉੱਥੇ ਮੋਜੂਦ ਸਨ ਉਹਨਾ ਨੂੰ ਟੋਟੇ ਟੋਟੇ ਕਰ ਦਿਤੱਾ ਅਤੇ ਇਸਲਾਮੀ ਲਸ਼ਕਰ ਦੀ ਪਿੱਠ'ਤੇ ਹਮਲਾ ਕਰ ਦਿਤੱਾ । ਕੁਫ਼ੱਾਰ ਦਾ ਇਹ ਹਮਲਾ ਅਚਨਚੇਤ ਸੀ ਕਿ ਮੁਸਲਮਾਨ ਜੋ ਜਿੱਤ ਦੀ ਖ਼ੁਸ਼ੀ ਵਿੱਚ ਇਧੱਰ ਉਧੱਰ ਫੈਲ ਚੁਕੇ ਸਨ ਉਹਨਾਂ ਦੇ ਪੈਰ੍ਹ ਜਮ ਨ ਸਕੇ । ਕੇਵਲ ਕੁਝ ਸਹਾਬਾ ਦੋੜਕੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੁਆਲੇ ਇਕੱਠੇ ਹੋ ਗਏ ਜਿੰਨ੍ਹਾ ਦੀ ਗਿਣਤੀ ਵੱਧ ਤੋਂ ਵੱਧ ਵੀਹ ਸੀ ਪਰ ਇਹ ਕੁਝ ਲੋਕ ਕੱਦ ਤੱਕ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਦੇ ਸਨ । ਅਖ਼ੀਰ ਕੁਫ਼ੱਾਰ ਦੇ ਰੇਲੇ ਕਰਕੇ ਮੁਸਲਮਾਨ ਸਿਪਾਹੀ ਪਿੱਛੇ ਧੱਕ ਦਿੱਤੇ ਗਏ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਮੈਦਾਨੇ ਜੰਗ ਵਿੱਚ ਇਕੱਲੇ ਰਹਿ ਗਏ । ਇਸੇ ਹਾਲਤ ਵਿੱਚ ਆਪਨੂੰ ਇਕ ਪਥੱਰ ਵੱਜਿਆ ਜਿਸਦੇ ਕਰਕੇ ਆਪਣੇ ਹੱਥਿਆਰ ਦੇ ਕਿੱਲ ਆਪਦੇ ਸਿਰ ਵਿੱਚ ਚੁੱਭ ਗਏ ਅਤੇ ਆਪ ਬੇਹੋਸ਼ ਹੋਕੇ ਇਕ ਟੋਏ ਵਿੱਚ ਡਿੱਗ ਪਏ । ਫਿਰ ਇਕ ਸਹਾਬੀ ਨੇ ਉਹ ਕਿੱਲ ਕੱਢੇ ਅਤੇ ਉਹਨਾਂ ਦੇ ਦੰਦ ਵੀ ਟੁੱਟ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇੱਥੇ ਅਮਹਦੀਆਂ ਲਈ ਵੀ ਇਕ ਸਬਕ ਹੈ ਇਕ ਨਸੀਹਤ (ਉਪਦੇਸ਼) ਹੈ ਕਿ ਮਸੀਹ ਮੌਊਦ ਨੂੰ ਕੁਬੂਲ ਕਰਕੇ ਫਿਰ ਕਾਮਲ ਆਗਿਆਕਾਰੀ ਹੀ ਸਫ਼ਲਤਾਵਾਂ ਤੇ ਜਿਤੱਾਂ ਦੀ ਜ਼ਮਾਨਤ ਹੈ । ਸੋ, ਹਰ ਇਕ ਨੂੰ ਆਪਣੀਆਂ ਹਾਲਤਾਂ ਦੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਕਿੰਨ੍ਹੀ ਹੱਦ ਤੱਕ ਉਸ ਦੀ ਆਗਿਆਕਾਰੀ ਦੇ ਮਿਆਰ ਹਨ । ਫ਼ਰਮਾਇਆ : ਅਲੱਾਹ ਤਆਲਾ ਨੇ ਜਿਵੇਂ ਹਜ਼ਰਤ ਅਬਦੁਲੱਾਹ ਬਿਨ ਜਬੀਰ ਅਤੇ ਉਹਨਾਂ ਦੇ ਸਾਥੀਆਂ ਨੂੰ ਵਫ਼ਾਦਾਰੀ ਨਾਲ ਅਤੇ ਆਦੇਸ਼ ਦੀ ਆਤਮਾ ਨੂੰ ਸਮਝਣ ਵਾਲਾ ਬਣਾਇਆ ਸੀ ਸਾਨੂੰ ਵੀ ਤੋਫ਼ੀਕ ਦੇਵੇ ਕਿ ਅਸੀਂ ਰੱਬ ਤੋਂ ਉਸੇ ਪ੍ਰਕਾਰ ਆਦੇਸ਼ ਨੂੰ ਸਮਝਣ ਵਾਲੇ ਅਤੇ ਕਾਮਲ ਆਗਿਆਕਾਰੀ ਕਰਨ ਵਾਲੇ ਹੋਈਏ ਅਤੇ ਇਸ ਪ੍ਰਕਾਰ ਹਮੇਸ਼ਾ ਰੱਬ ਦੀਆਂ ਮਿਹਰਾਂ ਦੇ ਵਾਰਸ ਬਣਨ ਵਾਲੇ ਬਣਦੇ ਚਲੇ ਜਾਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਮੈਂ ਇਕ ਜਨਾਜ਼ਾ ਗ਼ੈਬ ਵੀ ਪੜ੍ਹਾਵਾਂਗਾ, ਨਾਦਰ ਹੁਸਨੀ ਸਾਹਬ ਕੈਨੇਡਾ ਦਾ ਹੈ ਜੋ 20 ਦਸੰਬਰ ਨੂੰ 85 ਸਾਲ ਦੀ ਉਮਰ ਵਿੱਚ ਇਲਾਹੀ ਅਦੇਸ਼ ਅਨੁਸਾਰ ਅਕਾਲ ਚਲਾਣਾ ਕਰ ਗਏ ਹਨ । ( اناللہوانااليہراجعون) ਮਰਹੂਮ ਇਕ ਨੇਕ, ਮੁਖ਼ਲਸ ਤੇ ਸ਼ਰੀਫ਼ ਵਿਅਕਤੀ ਸਨ । ਇਹਨਾਂ ਦੀ ਮਾਲੀ (ਆਰਥਕ) ਕੁਰਬਾਨੀਆਂ ਵੀ ਮਿਆਰੀ ਸਨ, ਮਰਹੂਮ ਮੂਸੀ ਸਨ । ਪਿਛੋਕੜ ਵਿੱਚ ਪਤਨੀ ਅਤੇ ਪੁਤੱਰ ਹਨ ਜੋ ਅਹਮਦੀ ਨਹੀਂ ਹਨ । ਅਲੱਾਹ ਤਆਲਾ ਮਰਹੂਮ ਤੇ ਮਗ਼ਫ਼ੂਰ ਦੇ ਦਰਜੇ ਬੁਲੰਦ ਕਰੇ ਅਤੇ ਓਹਨਾ ਦੇ ਪੁਤੱਰ ਤੇ ਪਤਨੀ ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ਕਿ ਉਹ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਵਾਲੇ ਬਣ ਜਾਣ ਅਤੇ ਉਹਨਾਂ ਦੀ ਆਪਣੇ ਪਰਿਵਾਰ ਲਈ ਜੋ ਦੁਆਵਾਂ ਹਨ ਉਹ ਕੁਬੂਲ ਹੋਣ ।

**Khulasa Khutba Jumma 28.12.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131